# ਧਾਰਮਿਕ ਥਾਵਾਂ ਦੀ ਸੁਰੱਖਿਆ ਕਰਨਾ: ਪੈਰੀਮੀਟਰ ਦੀ ਹਿਫ਼ਾਜ਼ਤ ਲਈ ਸਿਫ਼ਾਰਿਸ਼ਾਂ




ਇਹ ਸੋਮਾ CISA ਅਤੇ ਫੈਡਰਲ ਬਿਊਰੋ ਔਫ਼ ਇਨਵੈਸਟੀਗੇਸ਼ਨ (FBI) ਦੀ ਸਹਿਯੋਗਿਤਾ ਵਾਲਾ ਇੱਕ ਜੋੜੀਦਾਰ ਹੈ। ਧਾਰਮਿਕ ਥਾਂਵਾਂ ਦੀ ਸੁਰੱਖਿਆ ਕਰਨਾ: ਹਿਫ਼ਾਜ਼ਤ ਨੂੰ ਵਧਾਉਣ ਲਈ ਛੇ ਕਦਮ ਦੀ ਤੱਥ ਸ਼ੀਟ, ਜਿਸ ਵਿੱਚ ਹੇਠਾਂ ਦਿੱਤੇ ਕਦਮਾਂ ਨੂੰ ਉਜਾਗਰ ਕੀਤਾ ਜਾਂਦਾ ਹੈ:

1. **ਜ਼ੋਖਮ ਨੂੰ ਸਮਝਣਾ**
2. **ਆਪਣੀ ਥਾਂ ਨੂੰ ਸਮਝਣਾ**
3. **ਇੱਕ ਯੋਜਨਾ ਵਿਕਸਿਤ ਕਰਨਾ ਅਤੇ ਉਸਦਾ ਅਭਿਆਸ ਕਰਨਾ**
4. **ਸੁਆਗਤ ਕਰਨ ਵਾਲਿਆਂ ਨੂੰ ਸੂਚਿਤ ਕਰਨਾ ਅਤੇ ਸਿੱਖਿਅਤ ਕਰਨਾ**
5. **ਗ੍ਰਾਂਟਸ (ਅਨੁਦਾਨਾਂ) ਦੀ ਭਾਲ ਕਰਨਾ**
6. **ਨਫ਼ਰਤ ਕਾਰਨ ਹੋ ਰਹੇ ਅਪਰਾਧਾਂ ਅਤੇ ਹੋਰ ਘਟਨਾਵਾਂ ਦੀ ਰਿਪੋਰਟ ਕਰਨਾ**

ਇਹ ਇੰਫ਼ੋਗ੍ਰਾਫਿਕ ਸੁਝਾਏ ਗਏ ਇਨ੍ਹਾਂ ਅਭਿਆਸਾਂ ਨੂੰ ਲਾਗੂ ਕਰਨ ਵਿੱਚ ਮਦਦ ਕਰਨ ਲਈ ਘੱਟ ਤੋਂ ਬਿਨਾਂ ਲਾਗਤ ਵਾਲੇ ਸਮਾਧਾਨਾਂ ਦੀ ਰੂਪਰੇਖਾ ਦਿੰਦਾ ਹੈ ਅਤੇ ਸੁਰੱਖਿਆ ਸੁਧਾਰਾਂ ਲਈ ਫੰਡਿੰਗ ਦੀ ਪਛਾਣ ਕਰਨ ਦੇ ਤਰੀਕਿਆਂ ਨੂੰ ਉਜਾਗਰ ਕਰਦਾ ਹੈ। ਪਰਤਦਾਰ ਸੁਰੱਖਿਆ ਅਤੇ ਸਿਫ਼ਾਰਿਸ਼ ਕੀਤੀਆਂ ਗਈਆਂ ਹੋਰ ਘੱਟ ਕਰਨ ਦੇ ਤਰੀਕਿਆਂ ਬਾਰੇ ਹੋਰ ਜਾਣਨ ਲਈ, CISA ਦੇ ਧਾਰਮਿਕ ਥਾਂਵਾਂ 'ਤੇ ਹਮਲੇ ਨੂੰ ਘਟਾਉਣਾ ਦੀ ਸੁਰੱਖਿਆ ਗਾਈਡ 'ਤੇ ਜਾਓ।



## ਅੰਦਰੂਨੀ ਘੇਰਾ

**ਛੇ ਕਦਮਾਂ ਨਾਲ ਸੰਬੰਧਿਤ ਹੈ:** 1 2 3 4

**ਇਸ ਖੇਤਰ ਵਿੱਚ ਮੁੱਖ ਬਿਲਡਿੰਗ ਦੇ ਅੰਦਰਲੇ ਹਿੱਸੇ ਅਤੇ ਕੋਈ ਵੀ ਬਾਹਰਲੀਆਂ ਬਿਲਡਿੰਗਾਂ ਦੇ ਅੰਦਰਲੇ ਹਿੱਸੇ ਸ਼ਾਮਲ ਹਨ।**

**ਪਹੁੰਚ ਦਾ ਕੰਟ੍ਰੋਲ:** ਪੱਕਾ ਕਰੋ ਕਿ ਦਰਵਾਜ਼ੇ ਠੀਕ ਤਰੀਕੇ ਨਾਲ ਕੰਮ ਕਰਦੇ ਹਨ ਅਤੇ ਅੰਦਰੋਂ ਲੱਕ ਕੀਤੇ ਜਾ ਸਕਦੇ ਹਨ। ਘਟਨਾਵਾਂ ਵੇਲੇ ਦਾਖ਼ਲ ਹੋਣ ਦੇ ਰਸਤਿਆਂ ਨੂੰ ਸੀਮਿਤ ਕਰੋ ਅਤੇ ਦਰਵਾਜ਼ਿਆਂ ਨੂੰ ਲੱਕ ਕਰਨ ਬਾਰੇ ਵਿਚਾਰ ਕਰੋ। ਜੇ ਆਰਥਿਕ ਤੌਰ ਤੇ ਅਜਿਹਾ ਕਰਨਾ ਸੰਭਵ ਹੋਵੇ, ਤਾਂ ਕਾਰਡ ਸਵਾਇਪ ਕਰਕੇ ਅੰਦਰ ਆਉਣ ਵਾਲੀ ਪਹੁੰਚ ਨੂੰ ਲਾਗੂ ਕਰੋ। ਸਟਾਫ਼ ਨੂੰ ਉਸ ਵੇਲੇ ਉੱਚਿਤ ਤਰੀਕਿਆਂ ਨਾਲ ਪ੍ਰਤੀਕਿਰਿਆ ਕਰਨ ਬਾਰੇ ਟ੍ਰੇਨਿੰਗ ਦਿਓ—ਜਿਸ ਵਿੱਚ ਤਣਾਅ ਨੂੰ ਘੱਟ ਕਰਨ ਤੋਂ ਲੈਕੇ 9-1-1 ਨੂੰ ਕਾੱਲ ਕਰਨਾ ਤੱਕ ਸ਼ਾਮਲ ਹਨ, ਜਿਵੇਂ ਵੀ ਉੱਚਿਤ ਹੋਵੇ—ਜਦੋਂ ਵੀ ਉਹ ਚਿੰਤਾਜਨਕ ਵਿਵਹਾਰ ਨੂੰ ਦੇਖਦੇ ਹਨ।

**ਫਰਸੱਟ-ਏਡ/AED:** STOP THE BLEED®, CPR, ਅਤੇ ਸਾਰੇ ਸਟਾਫ ਅਤੇ ਢੁਕਵੇਂ ਮੈਂਬਰਾਂ/ਵਲੰਟੀਅਰਾਂ ਨੂੰ ਐਮਰਜੈਂਸੀ ਵੇਲੇ ਫਰਸੱਟ-ਏਡ ਸਿਖਲਾਈ ਪ੍ਰਦਾਨ ਕਰੋ। ਜਾਨ ਬਚਾਉਣ ਵਾਲੇ ਉਪਕਰਨਾਂ ਨੂੰ ਸਪਸ਼ਟ ਤਰੀਕੇ ਨਾਲ ਨਿਸ਼ਾਨ ਲਗਾਈਆਂ ਗਈਆਂ ਥਾਂਵਾਂ 'ਤੇ ਰੱਖੋ ਅਤੇ ਨੇਮੀ ਤੌਰ ਤੇ ਉਸ ਦੇ ਸਟੌਕ ਦੀ ਜਾਂਚ ਕਰੋ ਅਤੇ ਉਨ੍ਹਾਂ ਦੀ ਟੈਸਟਿੰਗ ਕਰੋ। ਫਾਇਰ ਅਲਾਰਮ ਅਤੇ ਸਮੋਕ ਡਿਟੈਕਟਰ ਸਥਾਪਿਤ ਕਰੋ, ਅਤੇ ਐਮਰਜੈਂਸੀ ਐਕਸ਼ਨ ਪਲਾਨ (EAP) ਦੇ ਹਿੱਸੇ ਵਜੋਂ ਸਾਲਾਨਾ ਤੌਰ ਤੇ ਸਥਾਨਕ ਪਹਿਲੇ ਪ੍ਰਤੀਕਿਰਿਆ ਕਰਨ ਵਾਲੇ ਅਧਿਕਾਰੀਆਂ ਨਾਲ ਉਨ੍ਹਾਂ ਦੀ ਜਾਂਚ ਕਰੋ।

**ਇੱਕ ਸੁਰੱਖਿਆ ਟੀਮ ਬਣਾਓ:** ਜੋਖ਼ਮਾਂ ਨੂੰ ਘਟਾਉਣ, ਵਲੰਟੀਅਰਾਂ ਨੂੰ ਸਿਖਲਾਈ ਦੇਣ, ਅਤੇ ਸੰਗਤ ਦੀ ਹਿਫ਼ਾਜ਼ਤ ਯੋਜਨਾ ਨੂੰ ਅਮਲ ਵਿੱਚ ਲਿਆਉਣ ਲਈ ਇੱਕ ਸੰਪੂਰਨ ਯੋਜਨਾ ਬਣਾਉਣ ਅਤੇ ਲਾਗੂ ਕਰਨ ਲਈ ਇੱਕ ਕਾਰਜ ਸਮੂਹ ਦੀ ਸਥਾਪਨਾ ਕਰੋ।

**ਸਥਿਤੀ ਸੰਬੰਧੀ ਜਾਗਰੂਕਤਾ ਬਣਾਈ ਰੱਖੋ:** ਦਾਖ਼ਲ ਹੋਣ ਅਤੇ/ਜਾਂ ਸੁਆਗਤ ਕਰਨ ਵਾਲੀ ਥਾਂ 'ਤੇ ਸ਼ੱਕੀ ਗਤੀਵਿਧੀ ਜਾਂ ਵਿਵਹਾਰ ਦੀ ਪਛਾਣ ਕਰਨ ਲਈ ਰਿਸੈਪਸ਼ਨ ਸਟਾਫ਼ ਅਤੇ ਵਲੰਟੀਅਰਾਂ ਨੂੰ ਸਿਖਲਾਈ ਦਿਓ। ਅਣਜਾਣ ਵਿਅਕਤੀਆਂ ਜਾਂ ਉਨ੍ਹਾਂ ਲੋਕਾਂ ਬਾਰੇ ਸਥਿਤੀ ਸੰਬੰਧੀ ਜਾਗਰੂਕਤਾ ਬਣਾਈ ਰੱਖੋ ਜਿਨ੍ਹਾਂ ਦਾ ਵਿਵਹਾਰ ਅਤੀਤ ਵਿੱਚ ਹਿੰਸਾ ਦੀ ਸੰਭਾਵਨਾ ਨੂੰ ਦਰਸਾਉਂਦਾ ਹੈ।

**ਸ਼ੈਲਟਰ-ਇਨ-ਪਲੇਸ (ਆਸਰਾ—ਸਥਾਨ) ਕਮਰਾ:** ਸਭ ਤੋਂ ਵਧੀਆ ਆਸਰੇ ਦਾ ਟਿਕਾਣਾ ਨਿਰਧਾਰਤ ਕਰੋ (ਮੋਟੀਆਂ/ਕਿਲਾਬੰਦ ਕੰਧਾਂ, ਤਾਲੇ ਵਾਲੇ ਠੋਸ ਦਰਵਾਜ਼ੇ, ਘੱਟੋ-ਘੱਟ ਅੰਦਰੂਨੀ ਖਿੜਕੀਆਂ, ਅਤੇ ਫਰਸੱਟ-ਏਡ ਐਮਰਜੈਂਸੀ ਕਿੱਟਾਂ)। ਪੱਕਾ ਕਰੋ ਕਿ ਸਟਾਫ਼ ਅਤੇ ਸਹਾਇਕ ਟ੍ਰੇਨਿੰਗ ਅਤੇ ਸੰਕੇਤ ਲਗਾਉਣ ਦੇ ਜਰੀਏ ਉਨ੍ਹਾਂ ਥਾਂਵਾਂ ਦੀ ਪਛਾਣ ਕਰ ਸਕਣ।

## ਮੱਧ ਘੇਰਾ

**ਛੇ ਕਦਮਾਂ ਨਾਲ ਸੰਬੰਧਿਤ ਹੈ:** 2 3 4 6

**ਅਜਿਹਾ ਖੇਤਰ ਜਿਸ ਵਿੱਚ ਸੰਪਤੀ ਦੀ ਕੋਈ ਵੀ ਥਾਂ ਸ਼ਾਮਲ ਹੋਵੇ ਪਰ ਉਹ ਮੁੱਖ ਬਿਲਡਿੰਗ ਤੋਂ ਬਾਹਰ ਹੋਵੇ।**

**ਜਾਗਰੂਕਤਾ:** ਸਟੇਸ਼ਨ ਦੀ ਸੁਰੱਖਿਆ ਟੀਮ ਦੇ ਮੈਂਬਰ ਇਮਾਰਤ ਦੇ ਅਗਲੇ ਦਰਵਾਜ਼ਿਆਂ ਤੋਂ ਬਾਹਰ ਸਥਿਤੀ ਸੰਬੰਧੀ ਜਾਗਰੂਕਤਾ ਬਣਾਈ ਰੱਖਣ ਅਤੇ ਆਉਣ ਵਾਲਿਆਂ ਦਾ ਸੁਆਗਤ ਕਰਦੇ ਸਮੇਂ ਚਿੰਤਾਜਨਕ ਵਿਵਹਾਰ ਦੀ ਪਛਾਣ ਕਰ ਸਕਣ ਜੇ ਸੰਭਵ ਹੋਵੇ, ਤਾਂ ਕਿਸੇ ਵੀ ਵਿਗਾੜ ਦੀ ਪਛਾਣ ਕਰਨ ਲਈ ਸਮੇਂ-ਸਮੇਂ 'ਤੇ ਬਾਹਰੀ ਬਿਲਡਿੰਗ ਦਾ ਮੁਆਇਨਾ ਕਰੋ। ਕਾਨੂੰਨ ਲਾਗੂ ਕਰਨ ਵਾਲਿਆਂ ਦੇ ਤੇਜ਼ੀ ਨਾਲ ਪ੍ਰਤੀਕਿਰਿਆ ਕਰਨ ਲਈ ਰਿਪੋਰਟ ਕਰਨ/ਸੂਚਿਤ ਕਰਨ ਦੀਆਂ ਪ੍ਰਕਿਰਿਆਵਾਂ ਬਾਰੇ ਸੁਰੱਖਿਆ ਟੀਮ ਦੇ ਮੈਂਬਰਾਂ ਨੂੰ ਸਿੱਖਿਅਤ ਕਰੋ।

**ਦਰਵਾਜ਼ੇ:** ਆਉਣ ਵਾਲਿਆਂ ਦੀ ਪਛਾਣ ਕਰਨ ਅਤੇ/ਜਾਂ ਘੁਸਪੈਠੀਆਂ ਨੂੰ ਅੰਦਰੂਨੀ ਘੇਰੇ ਤੱਕ ਪਹੁੰਚਣ ਤੋਂ ਪਹਿਲਾਂ ਉਨ੍ਹਾਂ ਦਾ ਪਤਾ ਲਗਾਉਣ ਵਿੱਚ ਮਦਦ ਕਰਨ ਲਈ ਦਰਵਾਜ਼ੇ ਦੀਆਂ ਇਲੈਕਟ੍ਰਾਨਿਕ ਘੰਟੀਆਂ ਲਗਾਓ। ਜਦੋਂ ਸੰਗਤ ਅੰਦਰ ਹੋਵੇ ਤਾਂ ਢੁਕਵੇਂ ਲਾਕਿੰਗ ਹਾਰਡਵੇਅਰ ਦੇ ਨਾਲ ਪਹੁੰਚ ਨੂੰ ਸੀਮਤ/ਬਲੌਕ ਕਰਨ ਵਿੱਚ ਮਦਦ ਕਰਨ ਲਈ ਠੋਸ, ਮੋਟੇ ਦਰਵਾਜ਼ੇ ਦੀ ਵਰਤੋਂ ਕਰੋ। ਮੌਜੂਦਾ ਅਤੇ ਪੁਰਾਣੇ ਮੈਂਬਰਾਂ ਵਿਚਕਾਰ ਕੁੰਜੀ ਦੇ ਕੰਟ੍ਰੋਲ ਦੀ ਧਿਆਨਪੂਰਵਕ ਸਮੀਖਿਆ ਕਰੋ।

**ਖਿੜਕਿਆਂ:** ਲੱਕ ਕਰੋ ਅਤੇ ਖਿੜਕਿਆਂ 'ਤੇ ਅਲਾਰਮ ਸਥਾਪਿਤ ਕਰੋ, ਇਹ ਯਕੀਨੀ ਬਣਾਉਣ ਲਈ ਕਿ ਐਮਰਜੈਂਸੀ ਤੋਂ ਬਚਣ ਲਈ ਉਨ੍ਹਾਂ ਨੂੰ ਕਦੀ ਵੀ ਅਨਲੌਕ ਕੀਤਾ ਜਾ ਸਕਦਾ ਹੈ। ਜਿੱਥੇ ਵੀ ਅਜਿਹਾ ਕਰਨ ਸੰਭਵ ਹੋਵੇ, ਉੱਥੇ ਧਮਾਕਾ-ਰੋਧਕ ਗਲਾਸ ਫਿਲਮ ਦੀ ਵਰਤੋਂ ਕਰੋ। ਜੇਕਰ ਪਛਾਣੇ ਜਾਣ ਵਾਲੇ ਖ਼ਤਰੇ ਦਾ ਪਤਾ ਲੱਗਦਾ ਹੈ ਤਾਂ ਤੁਰੰਤ ਅਤੇ ਭਰੋਸੇਮੰਦ ਤਰੀਕੇ ਨਾਲ ਬੰਦ ਕਰਨ ਲਈ ਪੁੱਲ ਚੇਨ ਜਾਂ ਸੈਂਟਰ ਪੁੱਲ ਤੈਨਾਤ ਕਰਨ ਵਾਲੇ ਵਿੰਡੋ ਸ਼ੇਡ ਸਥਾਪਤ ਕਰੋ।

**ਐਮਰਜੈਂਸੀ ਵੇਲੇ ਗੱਲਬਾਤ:** ਇੱਕ ਜਨਤਕ ਸੂਚਨਾ ਪ੍ਰਣਾਲੀ ਸਥਾਪਤ ਕਰੋ ਜੋ ਪੂਰੇ ਕੈਂਪਸ ਵਿੱਚ ਸੁਣਨਯੋਗ ਹੋਵੇ। ਸੁਰੱਖਿਆ ਟੀਮ ਅਤੇ ਹੋਰ ਮੁੱਖ ਮੈਂਬਰਾਂ ਨੂੰ ਹੱਥ ਵਿੱਚ ਪਕੜੇ ਜਾਣ ਵਾਲੇ ਰੇਡੀਓ ਪ੍ਰਦਾਨ ਕਰੋ, ਅਤੇ ਯਕੀਨੀ ਬਣਾਓ ਕਿ ਸਾਰੇ ਉਨ੍ਹਾਂ ਦੀ ਵਰਤੋਂ ਬਾਰੇ ਜਾਣੂ ਹਨ। ਖ਼ਤਰੇ ਬਾਰੇ ਰਿਪੋਰਟਿੰਗ ਅਤੇ ਪ੍ਰਤੀਕਿਰਿਆ ਸੂਚਨਾ ਪ੍ਰਕਿਰਿਆਵਾਂ ਬਣਾਓ, ਅਤੇ ਇਹ ਯਕੀਨੀ ਬਣਾਓ ਕਿ ਸਾਰੇ ਸਹਾਇਕ ਚੇਤਾਵਨੀਆਂ 'ਤੇ ਪ੍ਰਤੀਕਿਰਿਆ ਕਰਨ ਦੇ ਤਰੀਕੇ ਬਾਰੇ ਚੰਗੀ ਤਰ੍ਹਾਂ ਜਾਣੂ ਹਨ।

**ਲੈਂਡਸਕੇਪਿੰਗ (ਬਾਗਬਾਨੀ):** ਆਵਾਜਾਈ ਦੀ ਦਿਸ਼ਾ ਨੂੰ ਮੋੜਣ ਲਈ ਜਾਂ ਅਣਅਧਿਕਾਰਤ ਗੱਡੀਆਂ ਦੀ ਪਹੁੰਚ ਨੂੰ ਰੋਕਣ ਲਈ ਰੋਕਥਾਮ ਵਾਲੀਆਂ ਲੈਂਡਸਕੇਪਿੰਗ ਸੁਵਿਧਾਵਾਂ, ਜਿਵੇਂ ਕਿ ਵੱਡੇ-ਵੱਡੇ ਪਲਾਂਟਰ ਲਗਾਉਣ ਬਾਰੇ ਵਿਚਾਰ ਕਰੋ। ਧਿਆਨ ਰੱਖੋ ਕਿ ਲੈਂਡਸਕੇਪਿੰਗ ਹਿਫ਼ਾਜ਼ਤ ਦੇ ਹੋਰ ਸਾਧਨਾਂ ਦੇ ਰਸਤੇ ਵਿੱਚ ਰੁਕਾਵਟ ਨਾ ਪੈਦਾ ਕਰੇ।

## ਬਾਹਰਲਾ ਘੇਰਾ

**ਛੇ ਕਦਮਾਂ ਨਾਲ ਸੰਬੰਧਿਤ ਹੈ:** 2 4

**ਉਹ ਖੇਤਰ ਜਿਸ ਵਿੱਚ ਪ੍ਰਾਪਰਟੀ ਦੀ ਸੀਮਾ 'ਤੇ ਸਤਹੀ ਪਾਰਕਿੰਗ ਅਤੇ ਪ੍ਰਾਇਮਰੀ ਅਤੇ ਬਾਹਰਲੀਆਂ ਬਿਲਡਿੰਗਾਂ ਦੀ ਰੂਪਰੇਖਾ, ਡੰਪਸਟਰ, ਅਤੇ ਸੰਗਠਨ ਦੀ ਮਾਲਕੀਅਤ ਵਾਲੀਆਂ ਗੱਡੀਆਂ ਸ਼ਾਮਲ ਹੁੰਦੇ ਹਨ।**

**ਕਲੋਜ਼ਡ-ਸਰਕਿਟ ਟੇਲੀਵਿਜ਼ਨ (CCTV):** ਜੇਕਰ ਵਿੱਤੀ ਤੌਰ 'ਤੇ ਅਜਿਹਾ ਕਰਨਾ ਸੰਭਵ ਹੈ, ਤਾਂ ਇੱਕ ਨਿਗਰਾਨੀ ਪ੍ਰਣਾਲੀ ਸਥਾਪਤ ਕਰਨ ਬਾਰੇ ਵਿਚਾਰ ਕਰੋ, ਜਿਸ ਵਿੱਚ ਕੈਮਰੇ ਸ਼ਾਮਲ ਹਨ ਜੋ ਕਿ ਸਹੂਲਤ ਦੇ ਘੇਰੇ ਅਤੇ ਬਾਹਰੋਂ ਪ੍ਰਵੇਸ਼ ਦੁਆਰ ਦੇ ਨੇੜੇ ਆਉਣ ਵਾਲੇ ਵਿਅਕਤੀਆਂ ਦਾ ਸਪੱਸ਼ਟ ਦ੍ਰਿਸ਼ ਦਿਖਾਉਂਦੇ ਹਨ। ਲੱਬੀ ਦੇ ਅੰਦਰ ਅਤੇ ਪ੍ਰਸ਼ਾਸਨਿਕ ਦਫ਼ਤਰਾਂ ਵਿੱਚ ਮਾਨੀਟਰ ਲਗਾਉਣ ਬਾਰੇ ਵਿਚਾਰ ਕਰੋ। ਸੁਰੱਖਿਆ ਟੀਮ ਦੇ ਚੋਣਵੇਂ ਮੈਂਬਰਾਂ ਅਤੇ ਕਾਨੂੰਨ ਲਾਗੂ ਕਰਨ ਵਾਲਿਆਂ ਲਈ ਰਿਮੋਟ ਪਹੁੰਚ ਨੂੰ ਯਕੀਨੀ ਬਣਾਓ।

**ਬਾਗਬਾਨੀ:** ਰੁਕਾਵਟ ਪੈਦਾ ਕਰਨ ਵਾਲੀਆਂ ਝਾੜੀਆਂ ਨੂੰ ਹਟਾਓ ਤਾਂਕਿ ਸਟਾਫ਼, ਸਹਾਇਕਾਂ, ਅਤੇ ਸੰਭਾਵਤ ਫਰਸੱਟ ਰਿਸਪਾਂਡਰ ਨੂੰ ਸਾਫ਼-ਸਾਫ਼ ਦਿਖਾਈ ਦੇ ਸਕੇ।

**ਰੋਸ਼ਨੀ ਦੀ ਵਿਵਸਥਾ:** ਪੂਰੇ ਬਾਹਰੀ ਘੇਰੇ ਵਿੱਚ ਰਣਨੀਤਕ ਤੌਰ 'ਤੇ ਫੋਟੋ-ਸੈੱਲ (ਸ਼ਾਮ ਤੋਂ ਸਵੇਰ ਤੱਕ) ਅਤੇ ਮੋਸ਼ਨ-ਐਕਟੀਵੇਟਿਡ ਰੋਸ਼ਨੀ ਵਿਵਸਥਾ ਕਰਨ ਬਾਰੇ ਵਿਚਾਰ ਕਰੋ। ਪੂਰੀ ਤਰ੍ਹਾਂ ਕਾਰਜਕੁਸ਼ਲ ਬਣਾਉਣ ਲਈ ਸਹੀ ਰੱਖ-ਰਖਾਅ ਨੂੰ ਯਕੀਨੀ ਬਣਾਓ।

**ਟ੍ਰੈਫ਼ਿਕ ਦਾ ਪ੍ਰਬੰਧਨ:** ਐਕਟਿਵ ਅਤੇ/ਜਾਂ ਪੈਸਿਵ ਵਾਹਨ ਰੁਕਾਵਟਾਂ ਦੀ ਵਰਤੋਂ ਕਰੋ। ਪਾਰਕਿੰਗ ਅਤੇ ਚਲਣ ਵਾਲੇ ਰਸਤਿਆਂ 'ਤੇ ਸਹੀ ਤਰੀਕੇ ਨਾਲ ਚਿੰਨ੍ਹ ਲਗਾਓ। ਟ੍ਰੈਫ਼ਿਕ ਦਾ ਪ੍ਰਬੰਧਨ ਕਰਨ ਲਈ ਸਿਖਲਾਈ ਪ੍ਰਾਪਤ ਅਤੇ ਸਹੀ ਢੰਗ ਨਾਲ ਪਛਾਣੇ ਗਏ ਸੁਆਗਤ ਕਰਨ ਵਾਲਿਆਂ, ਵਾਲੰਟੀਅਰਾਂ, ਅਤੇ/ਜਾਂ ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਸ਼ਾਮਲ ਕਰੋ। ਟ੍ਰੈਫ਼ਿਕ ਕੋਨਸ, ਜਰਸੀ ਬੈਰੀਅਰਾਂ, ਅਤੇ/ਜਾਂ ਹੋਰ ਬੋਲਾਰਡਸ ਦੀ ਵਰਤੋਂ ਕਰਨ ਬਾਰੇ ਵਿਚਾਰ ਕਰੋ।

# ਧਾਰਮਿਕ ਥਾਂਵਾਂ ਦੀ ਸੁਰੱਖਿਆ ਕਰਨਾ: ਪੈਰੀਮੀਟਰ ਦੀ ਹਿਫ਼ਾਜ਼ਤ ਕਰਨ ਲਈ ਸਿਫ਼ਾਰਿਸ਼ਾਂ

ਇਹ ਉਤਪਾਦ ਉਨ੍ਹਾਂ ਗਤੀਵਿਧੀਆਂ ਅਤੇ ਵਿਵਹਾਰਾਂ ਦਾ ਵਰਣਨ ਕਰਦਾ ਹੈ ਜੋ ਸ਼ੱਕੀ ਹੋ ਸਕਦੇ ਹਨ ਜਾਂ ਅਪਰਾਧਿਕ ਗਤੀਵਿਧੀ ਨੂੰ ਦਰਸਾਉਂਦੇ ਹਨ। ਇਹ ਗਤੀਵਿਧੀਆਂ ਸੰਵਿਧਾਨਕ ਤੌਰ 'ਤੇ ਸੁਰੱਖਿਆਤਮਕ ਹੋ ਸਕਦੀਆਂ ਹਨ ਅਤੇ ਸਿਰਫ਼ ਉਦੋਂ ਹੀ ਰਿਪੋਰਟ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਜਦੋਂ ਕਿਸੇ ਤਰਕਸ਼ੀਲ ਸਿੱਟੇ ਦਾ ਸਮਰਥਨ ਕਰਨ ਲਈ ਠੋਸ ਤੱਥ ਮੌਜੂਦ ਹੋਣ ਕਿ ਵਿਵਹਾਰ ਸ਼ੱਕੀ ਹੈ। ਸਿਰਫ਼ ਸੁਰੱਖਿਅਤ ਗਤੀਵਿਧੀਆਂ, ਨਸਲ, ਧਰਮ, ਲਿੰਗ, ਜਿਨਸੀ ਰੁਝਾਨ, ਜਾਂ ਅਜਿਹੇ ਕਾਰਕਾਂ ਦੇ ਸੁਮੇਲ ਦੇ ਆਧਾਰ 'ਤੇ ਰਿਪੋਰਟ ਨਾ ਕਰੋ।

## ਹੈਲੋ ਦੀ ਤਾਕਤ

1 2 3 4 6

ਚੇਤਾਵਨੀ ਦੇਣ ਵਾਲੇ ਕਰਮਚਾਰੀ ਸ਼ੱਕੀ ਗਤੀਵਿਧੀ ਨੂੰ ਦੇਖ ਸਕਦੇ ਹਨ ਅਤੇ ਇਸਦੀ ਰਿਪੋਰਟ ਕਰ ਸਕਦੇ ਹਨ। ਇਹ ਤਾਕਤ ਕਰਮਚਾਰੀ, ਨਾਗਰਿਕ, ਪੈਟਰਨ, ਜਾਂ ਅਜਿਹੇ ਕਿਸੇ ਵਿਅਕਤੀ ਵਿੱਚ ਹੈ ਜੋ ਨਿਰੀਖਣ ਕਰ ਸਕਦਾ ਅਤੇ ਰਿਪੋਰਟ ਕਰ ਸਕਦਾ ਹੈ। OHNO ਦ੍ਰਿਸ਼ਟੀਕੋਣ—ਨਿਰੀਖਣ ਕਰਨਾ, ਹੈਲੋ ਕਹਿ ਕੇ ਸ਼ੁਰੂਆਤ ਕਰਨਾ, ਖ਼ਤਰੇ ਦੌਰਾਨ ਨੇਵੀਗੇਟ ਕਰਨਾ, ਅਤੇ ਮਦਦ ਪ੍ਰਾਪਤ ਕਰਨਾ—ਕਰਮਚਾਰੀਆਂ ਨੂੰ ਸ਼ੱਕੀ ਵਿਵਹਾਰਾਂ ਦਾ ਨਿਰੀਖਣ ਅਤੇ ਮੁਲਾਂਕਣ ਕਰਨ ਵਿੱਚ ਮਦਦ ਕਰਦਾ ਹੈ, ਅਤੇ ਉਨ੍ਹਾਂ ਨੂੰ ਸੰਭਾਵੀ ਜੋਖ਼ਮ ਨੂੰ ਘਟਾਉਣ, ਅਤੇ ਲੋੜ ਪੈਣ 'ਤੇ ਮਦਦ ਪ੍ਰਾਪਤ ਕਰਨ ਦੀ ਤਾਕਤ ਪ੍ਰਦਾਨ ਕਰਦਾ ਹੈ।




## ਪੈਰੀਮੀਟਰ (ਘੇਰੇ) ਦੀਆਂ ਸਾਰੀਆਂ ਪਰਤਾਂ

1 2 3 4 6

**ਰਿਪੋਰਟ ਕਰਨਾ:**
ਪੱਕਾ ਕਰੋ ਕਿ ਸਾਰੇ ਕਰਮਚਾਰੀਆਂ ਨੂੰ ਕਿਸੇ ਫੌਰੀ ਘਟਨਾ ਹੋਣ ਦੀ ਸਥਿਤੀ ਵਿੱਚ 9-1-1 ਨੂੰ ਕਾੱਲ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਸ਼ਕੀ ਵਿਵਹਾਰ ਦੀ ਰਿਪੋਰਟ ਕਰਨ ਲਈ ਹੋਰ ਸੁਝਾਵਾਂ ਬਾਰੇ See Something, Say Something® (ਜੇ ਤੁਸੀਂ ਕੁੱਝ ਵੇਖਦੇ ਹੋ, ਤਾਂ ਉਸ ਬਾਰੇ ਅਵਾਜ਼ ਉਠਾਓ) 'ਤੇ ਜਾਓ।

**ਜਾਗਰੂਕਤਾ:**
ਸਥਾਨਕ ਖ਼ਤਰੇ ਦੀ ਜਾਣਕਾਰੀ ਸਾਂਝੀ ਕਰਨ ਲਈ ਆਪਣੇ ਪੜੋਸੀਆਂ ਨੂੰ ਜਾਣੋ। ਜਾਣੇ-ਪਛਾਣੇ ਖ਼ਤਰਿਆਂ ਬਾਰੇ ਜਾਗਰੂਕਤਾ ਬਣਾਈ ਰੱਖਣ ਲਈ ਆਪਣੇ ਸਥਾਨਕ ਫਿਊਜ਼ਨ ਸੈਂਟਰ, ਫੈਡਰਲ ਬਿਊਰੋ ਔਫ਼ ਇਨਵੈਸਟੀਗੇਸ਼ਨ (FBI) ਦੇ ਫੀਲਡ ਦਫ਼ਤਰ, ਅਤੇ ਸਥਾਨਕ ਕਾਨੂੰਨ ਲਾਗੂ ਕਰਨ ਵਾਲਿਆਂ ਨਾਲ ਜੁੜੋ।

**ਵਾਤਾਵਰਣ ਨਾਲ ਸੰਬੰਧੀ ਡਿਜ਼ਾਈਨ ਦੁਆਰਾ ਅਪਰਾਧ ਦੀ ਰੋਕਥਾਮ (CPTED):**
ਮੁਰੰਮਤ ਜਾਂ ਨਵੇਂ ਜੋੜ ਕਰਨ ਬਾਰੇ ਵਿਚਾਰ ਕਰਦੇ ਸਮੇਂ, ਪਰਤ ਦਰ ਪਰਤ ਕਮਜ਼ੋਰੀ ਨੂੰ ਘਟਾਉਣ ਜਾਂ ਖ਼ਤਮ ਕਰਨ ਲਈ CPTED ਸਿਧਾਂਤਾਂ ਦੀ ਪਾਲਣਾ ਕਰੋ। ਹੋਰ ਜਾਣਕਾਰੀ ਲਈ ਸੁਰੱਖਿਆ ਲਈ ਸਾਈਟ ਅਤੇ ਸ਼ਹਿਰੀ ਡਿਜ਼ਾਈਨ: ਸੰਭਾਵੀ ਅੱਤਵਾਦੀ ਹਮਲਿਆਂ ਦੇ ਵਿਰੁੱਧ ਮਾਰਗਦਰਸ਼ਨ - FEMA 430 (ਅੰਤਿਕਾ A) ਦੀ ਸਮੀਖਿਆ ਕਰੋ।

## ਖ਼ਤਰਾ

1 2 3 4 6

ਸਹੂਲਤਾਂ ਨੂੰ ਉਨ੍ਹਾਂ ਦੇ ਵਿਲੱਖਣ ਭੌਤਿਕ ਲੇਆਉਟ ਅਤੇ ਵੱਖ-ਵੱਖ ਗਤੀਵਿਧੀਆਂ ਕਾਰਨ ਵੱਖੋ-ਵੱਖਰੇ ਜੋਖ਼ਮ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਵੇਂ-ਜਿਵੇਂ ਸਹੂਲਤ ਸੁਰੱਖਿਆ ਟੀਮ ਕਮਜ਼ੋਰੀਆਂ ਦਾ ਪਤਾ ਲਗਾਉਣਾ ਸ਼ੁਰੂ ਕਰਦੀ ਹੈ, ਵਿਚਾਰ ਕਰੋ ਕਿ ਜੋਖ਼ਮ ਨੂੰ ਕਿਵੇਂ ਪਰਿਭਾਸ਼ਿਤ ਕੀਤਾ ਜਾਂਦਾ ਹੈ:

**ਜੋਖ਼ਮ = ਖ਼ਤਰਾ x ਕਮਜ਼ੋਰੀ x ਨਤੀਜਾ**

**ਜੋਖ਼ਮ:** ਸੰਕਟ/ਖ਼ਤਰੇ, ਸੰਪੱਤੀਆਂ ਅਤੇ ਉਨ੍ਹਾਂ ਦੀਆਂ ਕਮਜ਼ੋਰੀਆਂ, ਅਤੇ ਨਤੀਜਿਆਂ ਦੇ ਕਾਰਜ ਵਜੋਂ ਮੁਲਾਂਕਣ ਕੀਤੇ ਗਏ ਪ੍ਰਤੀਕੂਲ ਨਤੀਜੇ ਦੀ ਸੰਭਾਵਨਾ।

ਉਦਾਹਰਨ: ਐਕਟਿਵ ਸ਼ੂਟਰ (ਖ਼ਤਰਾ) ਟੁੱਟੀ ਹੋਈ ਵਾੜ (ਕਮਜ਼ੋਰੀ) ਰਾਹੀਂ ਸਹੂਲਤ ਦੇ ਅਹਾਤੇ ਵਿੱਚ ਦਾਖਲ ਹੁੰਦਾ ਹੈ ਅਤੇ ਸਟਾਫ਼ ਅਤੇ ਸਮੂਹਾਂ 'ਤੇ ਹਮਲਾ ਕਰਦਾ ਹੈ, ਜਿਸ ਨਾਲ ਜਾਨੀ ਨੁਕਸਾਨ ਹੁੰਦਾ ਹੈ (ਨਤੀਜਾ)।

**ਪਰਤਦਾਰ ਸੁਰੱਖਿਆ ਵਾਲਾ ਦ੍ਰਿਸ਼ਟੀਕੋਣ:**
ਆਪਣੀ ਸਹੂਲਤ ਦੀ ਸੁਰੱਖਿਆ ਲਈ ਕੋਸ਼ਿਸ਼ਾਂ ਨੂੰ **ਬਾਹਰੀ, ਮੱਧ, ਅਤੇ ਅੰਦਰੂਨੀ ਘੇਰਿਆਂ ਦੇ ਲੈਂਸ ਅੰਦਰ ਢਾਂਚਾਗਤ ਕਰੋ।**

**ਤਾਲਮੇਲ:** ਘੇਰੇ ਦੀਆਂ ਸਾਰੀਆਂ ਪਰਤਾਂ ਤੇ ਧਿਆਨ ਦਿੰਦੇ ਹੋਏ ਅਤੇ ਸ਼ੱਕੀ ਵਿਵਹਾਰ ਲਈ ਸੁਰੱਖਿਆ ਦੀ ਸਿਖਲਾਈ ਅਤੇ ਹੁਨਰਾਂ ਨੂੰ ਜੋੜਦੇ ਹੋਏ, ਇੱਕ ਤਾਲਮੇਲ ਵਾਲੀ ਅਤੇ ਸੰਪੂਰਨ ਸੁਰੱਖਿਆ ਵਾਲੇ ਦ੍ਰਿਸ਼ਟੀਕੋਣ ਦੀ ਪਾਲਣਾ ਕਰੋ।

### ਯੋਜਨਾ ਸੰਬੰਧੀ ਵਿਚਾਰ ਕਰਨ ਲਾਇਕ ਗੱਲਾਂ

3

ਕਿਸੇ ਘਟਨਾ ਤੋਂ ਪਹਿਲਾਂ ਸੁਰੱਖਿਆ ਨੂੰ ਵਧਾਉਣ ਲਈ ਸੋਮੇ ਅਤੇ ਕਿਸੇ ਘਟਨਾ ਦੌਰਾਨ ਅਤੇ ਉਸ ਤੋਂ ਬਾਅਦ ਵਿੱਚ ਕਰਮਚਾਰੀਆਂ/ਵਲੰਟੀਅਰਾਂ ਨੂੰ ਕਿਵੇਂ ਪ੍ਰਤੀਕਿਰਿਆ ਕਰਨੀ ਚਾਹੀਦੀ ਹੈ।

**ਧਾਰਮਿਕ ਥਾਂਵਾਂ:**
cisa.gov/topics/physical-security/protecting-houses-worship

**ਐਕਟਿਵ ਸ਼ੂਟਰ ਲਈ ਐਮਰਜੈਂਸੀ ਕਾਰਵਾਈ ਯੋਜਨਾ ਉਤਪਾਦ ਸੂਟ:**
cisa.gov/resources-tools/resources/active-shooter-emergency-action-plan-product-suite

**ਐਕਟਿਵ ਸ਼ੂਟਰ ਲਈ ਤਿਆਰੀ ਕਰਨਾ:** cisa.gov/topics/physical-security/active-shooter-preparedness

**ਧਾਰਮਿਕ ਥਾਂਵਾਂ ਲਈ ਐਮਰਜੈਂਸੀ ਯੋਜਨਾਵਾਂ ਬਣਾਉਣ ਲਈ FEMA ਦੀ ਗਾਈਡ:**
fema.gov/node/guide-developing-high-quality-emergency-operations-plans-houses-worship

**ਹੈਲੋ ਦੀ ਤਾਕਤ:** cisa.gov/topics/physical-security/non-confrontational-techniques/power-hello

ਤਣਾਅ ਨੂੰ ਘੱਟ ਕਰਨਾ ਸੰਬੰਧੀ ਸੀਰੀਜ਼: cisa.gov/resources-tools/resources/de-escalation-series

### ਕਮਜ਼ੋਰੀਆਂ ਦਾ ਮੁਲਾਂਕਣ ਕਰੋ

1

ਸੰਭਾਵੀ ਕਮਜ਼ੋਰੀਆਂ ਨੂੰ ਸਮਝਣ ਅਤੇ ਉਨ੍ਹਾਂ ਕਮਜ਼ੋਰੀਆਂ ਨੂੰ ਘਟਾਉਣ ਬਾਰੇ ਵਿਚਾਰ ਕਰਨ ਲਈ ਵਿਕਲਪਾਂ ਦੀ ਪਛਾਣ ਕਰਨ ਲਈ ਸੁਰੱਖਿਆ-ਕੇਂਦ੍ਰਿਤ ਸਵੈ-ਮੁਲਾਂਕਣ ਦੁਆਰਾ ਧਾਰਮਿਕ ਥਾਂਵਾਂ ਵਿੱਚ ਕਰਮਚਾਰੀਆਂ ਦੀ ਅਗਵਾਈ ਕਰਨ ਲਈ ਸੋਮੇ।

**ਧਾਰਮਿਕ ਥਾਂਵਾਂ ਦੀ ਸੁਰੱਖਿਆ ਦਾ ਸਵੈ-ਮੁਲਾਂਕਣ:**
cisa.gov/houses-worship-security-self-assessment

**ਸਕੂਲ ਸੁਰੱਖਿਆ ਮੁਲਾਂਕਣ ਟੂਲ (SSAT):**
cisa.gov/school-security-assessment-tool

### ਸਥਾਨਕ ਸੋਮੇ

1 2 3 4 5 6

CISA ਸੁਰੱਖਿਆਤਮਕ ਹਿਫ਼ਾਜ਼ਤ ਸਲਾਹਕਾਰ (PSAs) ਇਸ ਵਿਸ਼ਾ ਬਾਰੇ ਸਿੱਖਿਅਤ ਮਾਹਰ ਹੁੰਦੇ ਹਨ ਜੋ ਬੁਨਿਆਦੀ ਢਾਂਚੇ ਦੀ ਸੁਰੱਖਿਆ ਅਤੇ ਕਮਜ਼ੋਰੀਆਂ ਨੂੰ ਘਟਾਉਣ ਵਿੱਚ ਸਹਾਇਤਾ ਕਰਦੇ ਹਨ।

**CISA ਸੁਰੱਖਿਆਤਮਕ ਹਿਫ਼ਾਜ਼ਤ ਸਲਾਹਕਾਰ (PSAs):** cisa.gov/resources-tools/programs/protective-security-advisor-psa-program

**ਰਾਜ ਅਤੇ ਪ੍ਰਮੁੱਖ ਸ਼ਹਿਰੀ ਖੇਤਰ ਫਿਊਜ਼ਨ ਕੇਂਦਰ:**
dhs.gov/fusion-centers

**FBI-ਦੀ ਅਗਵਾਈ ਵਾਲੀ ਸੰਯੁਕਤ ਅੱਤਵਾਦ ਟਾਸਕ ਫੋਰਸ:**
fbi.gov/investigate/terrorism/joint-terrorism-task-forces

ਆਪਣੇ ਸਥਾਨਕ CISA PSA ਨਾਲ ਸੰਪਰਕ ਕਰਨ ਲਈ ਅਤੇ ਧਾਰਮਿਕ ਥਾਂਵਾਂ ਦੇ ਜੋਖ਼ਮ ਦੇ ਮੁਲਾਂਕਣ ਅਤੇ ਘਟਾਉਣ ਲਈ ਹੋਰ ਵਧੀਆ ਅਭਿਆਸਾਂ ਦੀ ਪੜਚੋਲ ਕਰਨ ਲਈ cisa.gov/about/regions 'ਤੇ ਜਾਓ ਜਾਂ central@cisa.dhs.gov 'ਤੇ ਈਮੇਲ ਭੇਜੋ।

### ਟ੍ਰੇਨਿੰਗ ਅਤੇ ਅਭਿਆਸ

3

ਬੱਚਿਆਂ ਦੀ ਦੇਖਭਾਲ ਕਰਨ ਵਾਲੇ ਕਰਮਚਾਰੀਆਂ ਅਤੇ ਪਹੁੰਚ ਅਤੇ ਕਾਰਜਾਤਮਕ ਲੋੜਾਂ ਵਾਲੇ ਵਿਅਕਤੀਆਂ ਸਮੇਤ ਸਟਾਫ਼ ਅਤੇ ਸਹਾਇਕਾਂ ਲਈ ਸਾਲਾਨਾ ਸਿਖਲਾਈ ਪ੍ਰਦਾਨ ਕਰਨਾ।

**ਧਾਰਮਿਕ ਸੰਗਠਨਾਂ ਲਈ CISA ਟੇਬਲਟੌਪ ਅਭਿਆਸ ਪੈਕੇਜ (CTEP):**
cisa.gov/resources-tools/resources/physical-security-scenarios

**STOP THE BLEED® :** stopthebleed.org/

**ਬੰਬ ਤੋਂ ਸੁਰੱਖਿਆ ਲਈ ਦਫ਼ਤਰ (OBP) ਟ੍ਰੇਨਿੰਗ ਪ੍ਰੋਗਰਾਮ:**
cisa.gov/resources-tools/programs/office-bombing-prevention-obp-training-program

### ਗ੍ਰਾਂਟ ਦੀ ਜਾਣਕਾਰੀ

5

ਗ੍ਰਾਂਟਸ ਦੀ ਵਰਤੋਂ ਰਾਜ, ਸਥਾਨਕ, ਕਬਾਇਲੀ, ਅਤੇ ਖੇਤਰੀ ਅਧਿਕਾਰ ਖੇਤਰਾਂ ਦੁਆਰਾ ਸਿਖਲਾਈ, ਅਭਿਆਸਾਂ, ਯੋਜਨਾਬੰਦੀ ਕਰਨ, ਕਰਮਚਾਰੀਆਂ ਅਤੇ ਸਾਜ਼ੋ-ਸਾਮਾਨ ਲਈ ਖਤਰਿਆਂ ਅਤੇ ਜੋਖ਼ਮਾਂ ਲਈ ਤਿਆਰ ਕਰਨ ਲਈ ਕੀਤੀ ਜਾ ਸਕਦੀ ਹੈ।

**DHS ਗ੍ਰਾਂਟਸ:** dhs.gov/dhs-grants

**ਗੈਰ-ਲਾਭਕਾਰੀ ਸੁਰੱਖਿਆ ਗ੍ਰਾਂਟ ਪ੍ਰੋਗਰਾਮ:**
fema.gov/grants/preparedness/nonprofit-security

**ਸਕੂਲ ਦੀ ਸੁਰੱਖਿਆ ਲਈ ਗ੍ਰਾਂਟ ਲੱਭਣ ਵਾਲਾ ਟੂਲ:**
schoolsafety.gov/grants-finder-tool

**ਲਕਸ਼ਿਤ ਹਿੰਸਾ ਅਤੇ ਅੱਤਵਾਦ ਤੋਂ ਰੋਕਥਾਮ ਸੰਬੰਧੀ ਗ੍ਰਾਂਟ ਪ੍ਰੋਗਰਾਮ:**
dhs.gov/tvtpgrants

**ਇਸ ਮਾਰਗਦਰਸ਼ਨ ਦੇ ਡਿਜੀਟਲ ਸੰਸਕਰਣ ਤੱਕ ਪਹੁੰਚ ਕਰਨ ਲਈ, ਹੇਠਾਂ ਦਿੱਤੇ QR ਕੋਡ 'ਤੇ ਜਾਓ:**

